# ਨਮੂਨੇ ਦਾ ਪ੍ਰਸ਼ਨ-ਪੱਤਰ

## ਸ਼੍ਰੇਣੀ ਬਾਰ੍ਹਵੀਂ

## ਲਾਜ਼ਮੀ ਪੰਜਾਬੀ

## ਵਿੱਦਿਅਕ ਸੈਸ਼ਨ :2022-23

ਸਮਾਂ: 3 ਘੰਟੇ                                                                                    ਲਿਖਤੀ: 80 ਅੰਕ

ਆਂਤਰਿਕ ਮੁਲਾਂਕਣ : 20 ਅੰਕ

ਕੁੱਲ :100 ਅੰਕ

1.ਸੁੰਦਰ ਲਿਖਾਈ ਲਈ 5 ਅੰਕ ਨਿਰਧਾਰਿਤ ਹਨ ਜੋ ਕਿ ਪ੍ਰਸ਼ਨ-ਪੱਤਰ ਦੇ ਕੁੱਲ 80 ਅੰਕਾਂ ਵਿੱਚ ਹੀ ਸ਼ਾਮਲ ਹਨ।

ਵਸਤੂਨਿਸ਼ਠ ਪ੍ਰਸ਼ਨ :

ਸਾਰੇ ਪ੍ਰਸ਼ਨ ਜ਼ਰੂਰੀ ਹਨ। ਹਰੇਕ ਪ੍ਰਸ਼ਨ 2 ਅੰਕਾਂ ਦਾ ਹੈ।

ਭਾਗ (ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰ ਲਿਖੋ

(i) ਆਪਣਾ ਦੇਸ ਕਹਾਣੀ ਦੇ ਕਿਸੇ ਇੱਕ ਪਾਤਰ ਦਾ ਨਾਂ ਲਿਖੋ 2

(ii) ਦਲੀਪ ਕੌਰ ਟਿਵਾਣਾ ਦੀ ਕਿਹੜੀ ਕਹਾਣੀ, ਲਾਜ਼ਮੀ ਪੰਜਾਬੀ : ਬਾਰਵੀਂ ਪਾਠ-ਪੁਸਤਕ 'ਚ ਸ਼ਾਮਲ ਹੈ ? 2

(iii) ਛਪਾਰ ਦਾ ਮੇਲਾ ਕਿਸ ਦੀ ਯਾਦ ਵਿੱਚ ਲੱਗਦਾ ਹੈ ? 2

(iv) ਇਸਤਰੀਆਂ ਦੇ ਕਿਸੇ ਦੋ ਲੋਕ-ਨਾਚਾਂ ਦੇ ਨਾਂ ਲਿਖੋ। 2

(v) ਵਗਦੇ ਪਾਣੀ' ਨਾਂ ਦੀ ਕਵਿਤਾ ਦੇ ਕਵੀ ਕੌਣ ਹਨ ?

5X2=10

2 ਭਾਗ (ਅ) ਬਹੁਚੋਣਵੇਂ ਪ੍ਰਸ਼ਨ :

(i) 'ਨੀਲੀ' ਕਹਾਣੀ ਵਿੱਚ 'ਗਵਾਲੇ' ਦੇ ਚਰਿੱਤਰ ਦਾ ਗੁਣ ਕਿਹੜਾ ਹੈ ?

(ੳ) ਇਨਸਾਨੀਅਤ ਵਾਲ਼ਾ (ਅ) ਹਮਦਰਦੀ ਭਰਿਆ

(ੲ) ਨਿਡਰਤਾ ਵਾਲ਼ਾ (ਸ) ਵਪਾਰਿਕ ਰੁਚੀ ਵਾਲ਼ਾ 2

(ii) ਜੀਤੋ ਕਿਹੜੀ ਕਹਾਣੀ ਦੀ ਮੁੱਖ-ਪਾਤਰ ਹੈ ?

(ੳ) ਸਾਂਝ (ਅ) ਸਤੀਆਂ ਸੇਈ

(ੲ) ਘਰ ਜਾਹ ਆਪਣੇ (ਸ) ਮਾੜਾ ਬੰਦਾ 2

(iii) ਰਿਗਵੇਦ ਦੇ ਸਮੇਂ ਪੰਜਾਬ ਨੂੰ ਕਿਸ ਨਾਂ ਨਾਲ਼ ਜਾਣਿਆ ਜਾਂਦਾ ਸੀ ?

(ੳ) ਪੰਚ ਨਦ (ਅ) ਪੰਜ ਆਬ

(ੲ) ਸਪਤ ਸਿੰਧੂ (ਸ) ਕੈਕਯ ਦੇਸ਼ 2

(iv) ਮਨੁੱਖ ਵਿੱਚ ਖੇਡਣ ਦਾ ਗੁਣ ਕਿਸ ਨੇ ਭਰਿਆ ਹੈ ?

(ੳ) ਦੇਵਤਿਆਂ ਨੇ (ਅ) ਕੁਦਰਤ ਨੇ

(ੲ) ਕੋਚਾਂ ਨੇ (ਸ) ਸਹਿਯੋਗੀਆਂ ਨੇ 2

(v) 'ਤਾਜ ਮਹੱਲ' ਕਵਿਤਾ ਪੜ੍ਹ ਕੇ ਕਵੀ ਦੀ ਹਮਦਰਦੀ ਕਿਸ ਧਿਰ ਵੱਲ ਜਾਪਦੀ ਹੈ ?

-(ੳ) ਸ਼ਾਸਕ ਧਿਰ (ਅ) ਸ਼ੋਸ਼ਿਤ ਧਿਰ

(ੲ) ਸਮਾਜਿਕ ਧਿਰ (ਸ) ਸੰਗਾਊ ਧਿਰ 2 5X2=10

ਭਾਗ (ੲ) ਹੇਠ ਲਿਖੇ ਕਥਨਾਂ ਵਿੱਚੋਂ ਕਿਹੜਾ ਕਥਨ ਸਹੀ ਹੈ ਤੇ ਕਿਹੜਾ ਗ਼ਲਤ:

(i) ਕਹਾਣੀਕਾਰ ਪ੍ਰੇਮ ਪ੍ਰਕਾਸ਼ ਦੀ ਪਤਨੀ ਦਾ ਰਿਕਸ਼ੇ ਵਾਲ਼ੇ ਨਾਲ਼ ਝਗੜਾ ਇਸ ਲਈ ਹੋਇਆ ਸੀ ਕਿਉਂਕਿ ਉਹ ਤੈਅ ਕੀਤੇ ਪੈਸੇ ਮੰਗਦਾ ਸੀ। 2

(ii) ਨੀਲੀ ਦੀ ਵੱਛੀ ਦੀ ਸ਼ਕਲ ਨਿਰੀ-ਪੁਰੀ ਨੀਲੀ ਵਰਗੀ ਸੀ। 2

(iii) ਅੰਗਰੇਜ਼ੀ ਭਾਸ਼ਾ ਵਿੱਚ ਸੱਭਿਆਚਾਰ ਲਈ 'ਕਲਚਰ' ਸ਼ਬਦ ਵਰਤਿਆ ਜਾਂਦਾ ਹੈ 2

(iv) ਬਾਗ਼ ਦੀ ਕਢਾਈ ਦੀ ਲੋਕ-ਕਲਾ ਵਿੱਚ ਵਿਸ਼ੇਸ਼ ਥਾਂ ਨਹੀਂ ਹੈ। 2

(v) ' ਪੁਰਾਣੇ ਪੰਜਾਬ ਨੂੰ ਅਵਾਜ਼ਾਂ' ਕਵਿਤਾ 'ਚ ਕਵੀ ਨੂੰ ਮਨੁੱਖਾਂ ਦੀ ਪੂਜਾ ਦੀ ਥਾਂ ਠੀਕਰੀਆਂ ਦੀ ਪੂਜਾ ਕਰਨ ਦਾ ਦੁੱਖ ਹੈ। 2

5X2=10

ਭਾਗ (ਸ) ਖ਼ਾਲੀ ਥਾਂਵਾਂ ਭਰੋ :

(i) ਆਪੇ ਮੈਂ ਰੱਜੀ- ਪੁੱਜੀ ਆਪੇ ਮੇਰੇ------------- ਜੀਣ। (ਨਿਆਣੇ/ਰਿਸ਼ਤੇਦਾਰ/ਬੱਚੇ) 2

(ii) ਘੜੇ ਨੂੰ ਹੱਥ ਲਾਇਆ ਸਾਰਾ--------------ਤਿਹਾਇਆ। ( ਪਰਿਵਾਰ/ ਟੱਬਰ/ਕੁਨਬਾ) 2

(iii) ਪੰਜਾਬੀਆਂ ਵਿੱਚ ਵਿਦੇਸ਼ ਜਾਣ ਦਾ ਰੁਝਾਨ---------------ਹੈ। (ਘਟਿਆ/ਵਧਿਆ/ਪਹਿਲਾਂ ਵਾਂਗ) 2

(iv)------------ਪੰਜਾਬ ਦਾ ਸਿਰਤਾਜ ਲੋਕ-ਨਾਚ ਹੈ। (ਕਿੱਕਲੀ/ਗਿੱਧਾ/ਲੁੱਡੀ) 2

(v) ਕਵਿਤਾ 'ਦੋਸਤਾ' ਵਿੱਚ ਕਵੀ ਨੂੰ ਮਨੁੱਖ ਦੀ ਮੰਜ਼ਲ----------ਦੀ ਵਿੱਥ ਤੇ ਨਜ਼ਰ ਆਉਂਦੀ ਹੈ। (ਦੋ ਕਦਮਾਂ/ਚਾਰ ਕਦਮਾਂ/ਅਣਗਿਣਤ ਕਦਮਾਂ ) 2

5x2=10

3.ਕਿਸੇ ਦੋ ਪ੍ਰਸ਼ਨਾਂ ਦੇ ਉੱਤਰ ਲਿਖੋ

(ੳ) ਪੇਸ਼ਕਾਰੀ ਦੇ ਪੱਖੋਂ ਨਕਲਾਂ ਦੀਆਂ ਕਿਹੜੀਆਂ-ਕਿਹੜੀਆਂ ਕਿਸਮਾਂ ਹਨ ? 3

(ਅ) ਪੰਜਾਬੀ ਸੱਭਿਆਚਾਰ ਵਿੱਚ ਪਿਛਲੇ ਕੁਝ ਦਹਾਕਿਆਂ ਤੋਂ ਖਾਣ-ਪੀਣ ਵਿੱਚ ਆਈ ਤਬਦੀਲੀ ਬਾਰੇ ਚਾਨਣਾ ਪਾਓ। 3

(ੲ) ਪੰਜਾਬ ਦੇ ਮੇਲਿਆਂ ਦੀ ਕਿਹੜੀ-ਕਿਹੜੀ ਵਿਸ਼ੇਸ਼ਤਾ ਹੈ ? (3)

(ਸ)'ਸੱਕਰ-ਭਿੱਜੀ' ਲੋਕ-ਖੇਡ ਬਾਰੇ ਜਾਣਕਾਰੀ ਦਿਓ |

(ਹ)'ਲੋਕ-ਕਿੱਤ' ਦੀ ਵਿਸ਼ੇਸ਼ਤਾ ਉਦਾਹਰਨਾਂ ਸਹਿਤ ਦੱਸੋ ?

3+3=6

4.ਤੁਹਾਡੇ ਕਸਬੇ ਵਿੱਚ ਦੋ-ਪਹੀਆ ਵਾਹਨਾਂ ਦੀ ਮੰਗ ਦਿਨੋ-ਦਿਨ ਵਧ ਰਹੀ ਹੈ ਜਿਸ ਦੇ ਚੱਲਦਿਆਂ ਹੀਰੋ ਮੋਟਰਜ਼, ਦਿੱਲੀ ਤੋਂ ਏਜੰਸੀ ਲੈਣ ਲਈ ਆਪਣੀ ਯੋਗਤਾ ਤੇ ਸਮਰੱਥਾ ਦੱਸਦੇ ਹੋਏ ਪੱਤਰ ਲਿਖੋ | 1+3+1=5

ਜਾਂ

ਤੁਸੀਂ ਪੜ੍ਹੇ-ਲਿਖੇ ਨੌਜਵਾਨ ਹੋ। ਭਾਰਤ ਜੀਵਨ-ਬੀਮਾ ਨਿਗਮ ਨੂੰ ਆਪਣੀ ਯੋਗਤਾ ਦੱਸਦੇ ਹੋਏ ਬੀਮਾ-ਏਜੰਟ ਬਣਨ ਲਈ ਪੱਤਰ ਲਿਖੋ। 1+3+1=5

5. ਹੇਠ ਲਿਖੇ ਪੈਰੇ ਦੀ ਸੰਖੇਪ ਰਚਨਾ ਕਰੋ ਅਤੇ ਢੁਕਵਾਂ ਸਿਰਲੇਖ ਵੀ ਲਿਖੋ

ਅੰਗਰੇਜ਼ੀ ਦੇ ਇੱਕ ਲਿਖਾਰੀ ਨੇ ਕਿਹਾ ਹੈ ਕਿ ਰਾਤ ਨੂੰ ਛੇਤੀ ਸੌਂ ਜਾਣ ਨਾਲ ਅਤੇ ਸਵੇਰੇ ਤੜਕੇ ਉੱਠਣ ਨਾਲ ਸਿਹਤ, ਧਨ ਅਤੇ ਬੁੱਧੀ ਤਿੰਨੇ ਪ੍ਰਾਪਤ ਹੁੰਦੇ ਹਨ। ਸਵੇਰੇ ਤੜਕੇ ਉੱਠਣ ਨਾਲ ਬੰਦੇ ਨੇ ਆਪਣਾ ਬਹੁਤ ਸਾਰਾ ਕੰਮ ਮੁਕਾ ਲਿਆ ਹੁੰਦਾ ਹੈ ਜਿਸ ਵੇਲੇ ਕਿ ਦਲਿੱਦਰੀ ਹਾਲੇ ਬਿਸਤਰੇ ਵਿੱਚ ਘੁਰਾੜੇ ਮਾਰ ਰਹੇ ਹੁੰਦੇ ਹਨ। ਸਵੇਰੇ ਤੜਕੇ ਉੱਠਣ ਵਾਲ਼ਾ ਸੈਰ ਨੂੰ ਜਾ ਸਕਦਾ ਹੈ, ਕਸਰਤ ਕਰ ਸਕਦਾ ਹੈ ਜਿਸ ਨਾਲ ਉਹ ਸਾਰਾ ਦਿਨ ਖ਼ੁਸ਼ ਰਹਿੰਦਾ ਹੈ ਅਤੇ (ਬਿਨਾਂ ਥਕੇਵੇਂ ਦੇ ਕੰਮ ਕਰ ਸਕਦਾ ਹੈ ਉਸ ਨੂੰ ਕਿਸੇ ਕੰਮ ਵਿੱਚ ਕਾਹਲ਼ ਕਰਨ ਦੀ ਲੋੜ ਨਹੀਂ ਹੁੰਦੀ। ਕੰਮ ਉਹਦੇ ਉੱਤੇ ਸਵਾਰ ਨਹੀਂ ਹੁੰਦਾ, ਉਹ ਕੰਮ ਉੱਤੇ ਸਵਾਰ ਹੁੰਦਾ ਹੈ। ਉਹ ਬਿਨਾਂ ਘਬਰਾਹਟ, ਹਫੜਾ-ਦਫੜੀ ਦੇ ਆਪਣੀ

ਕੁਦਰਤੀ ਚਾਲ ਨਾਲ ਚੱਲਦਾ ਹੈ। ਉਹ ਕੰਮ ਵੀ ਖਰਾ ਕਰੇਗਾ ਅਤੇ ਅਰਾਮ ਕਰਨ ਲਈ ਵੀ ਕਾਫ਼ੀ ਸਮਾਂ ਬਚਾ ਲਵੇਗਾ। ਜਿਹੜੀ ਸੁਆਣੀ ਸੂਰਜ ਦੇਵਤਾ ਨਾਲ਼ ਜ਼ਿਦ ਲਾ ਕੇ ਸੁੱਤੀ ਰਹਿੰਦੀ ਹੈ ਕਿ ਤੂੰ ਉਦੈ ਹੋਵੇਂਗਾ ਤਾਂ ਉੱਠਾਂਗੀ, ਉਹਦੇ ਤੋਂ ਘਰ ਵਾਲਿਆਂ ਨੇ ਕੀ ਆਸ ਰੱਖਣੀ। 3+1=4

6.ਹੇਠ ਲਿਖੇ ਸ਼ਬਦਾਂ ਵਿੱਚੋਂ ਕਿਸੇ ਇੱਕ ਸ਼ਬਦ-ਸਮੂਹ ਨੂੰ ਕੋਸ਼-ਤਰਤੀਬ ਅਨੁਸਾਰ ਲਿਖੋ :

| (ੳ) | (ਅ) |
|---|---|
| 1. ਢਿੱਲਾ | ਪੂਛਲ |
| 2.ਡਿਓਢੀ | ਜ਼ਿਲੇਦਾਰ |
| 3. ਠਠਿਆਰ | ਝਗੜਾਲੂ |
| 4.ਟਿਕਾਣਾ | ਗਲਵੱਕੜੀ |
| 5. ਡੰਗਰ | ਪੂਜਨੀਕ |
| 6.ਕਾਇਰ | ਜੱਦੋ- ਜਹਿਦ |

6X1.5=3

7.ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਨਿਰਦੇਸ਼ ਅਨੁਸਾਰ ਵਾਕ-ਵਟਾਂਦਰਾ ਕਰੋ

(ੳ) ਮੇਰੀ ਇੱਛਾ ਹੈ ਕਿ ਮੈਂ ਅਮੀਰ ਹੋਵਾਂ | (ਵਿਸਮੈ-ਵਾਚਕ ਵਾਕ) 1

(ਅ) ਕੋਈ ਸੋਹਣਾ ਜਿਹਾ ਗੀਤ ਸੁਣਾਓ | (ਪ੍ਰਸ਼ਨ-ਵਾਚਕ ਵਾਕ) 1

(ੲ) ਸਮਝਦਾਰ ਬੱਚੇ ਮਾਪਿਆਂ ਦਾ ਕਿਹਾ ਮੰਨਦੇ ਹਨ। (ਮਿਸ਼ਰਿਤ ਵਾਕ) 1

(ਸ) ਮਿਹਨਤ ਸਫਲ ਹੋਈ। ( ਨਾਂਹ-ਵਾਚਕ ਵਾਕ) 1

(ਹ) ਮੈਂ ਰੋਟੀ ਖਾ ਰਿਹਾ ਹਾਂ | ( ਕਰਮਣੀ –ਵਾਚਕ ਵਾਕ) 1

1+1+1=3

8.ਹੇਠ ਲਿਖੀਆਂ ਅਖਾਉਤਾਂ ਵਿੱਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤੋਂ ਜਾਂ ਉਹਨਾਂ ਦੀ ਵਰਤੋਂ ਦੀਆਂ ਸਥਿਤੀਆਂ ਦੱਸੋ

(ੳ) ਭੱਜਦਿਆਂ ਨੂੰ ਵਾਹਣ ਇੱਕੋ-ਜਿਹੇ

(ਅ) ਇੱਕ ਦਰ ਬੰਦ ਸੌ ਦਰ ਖੁੱਲ੍ਹਾ

(ੲ) ਅਸ਼ਰਫ਼ੀਆਂ ਦੀ ਲੁੱਟ ਤੇ ਕੋਲਿਆਂ 'ਤੇ ਮੋਹਰਾਂ

(ਸ ) ਸਾਰਾ ਜਾਂਦਾ ਵੇਖੀਏ ਅੱਧਾ ਦੇਈਏ ਵੰਡ ,

(ਹ ) ਕੁੱਤਾ ਭੌਂਕੇ ਬੱਦਲ ਗੱਜੇ, ਨਾ ਉਹ ਵੱਢੇ ਨਾ ਉਹ ਵੱਸੇ।

9.ਕਿਸੇ ਇੱਕ ਕਵਿਤਾ ਦਾ ਕੇਂਦਰੀ ਭਾਵ ਲਿਖੋ

(ੳ) ਐਵੇਂ ਨਾ ਬੁੱਤਾਂ 'ਤੇ ਡੋਲ੍ਹੀ ਜਾ ਪਾਣੀ (ਸੁਰਜੀਤ ਪਾਤਰ)

(ਅ) ਤਾਜ ਮਹੱਲ ( ਪ੍ਰੋ. ਮੋਹਨ ਸਿੰਘ)

(ੲ) ਵਾਰਸ ਸ਼ਾਹ (ਅੰਮ੍ਰਿਤਾ ਪ੍ਰੀਤਮ)

10. ਕਿਸੇ ਇੱਕ ਕਹਾਣੀ ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ :

(ੳ) ਆਪਣਾ ਦੇਸ (ਸੰਤੋਖ ਸਿੰਘ ਧੀਰ)

(ਅ) "ਘਰ ਜਾਹ ਆਪਣੇ (ਗੁਲਜ਼ਾਰ ਸਿੰਘ ਸੰਧੂ): 2+2+2=6

**Note # 18**

**ਮੀਟਿੰਗ ਦੀ ਕਾਰਵਾਈ**

CBSE Regional Conference of State Education Departments, School Boards, SCERTs and Schools ਮਿਤੀ 28-9-2022 ਨੂੰ ਬੋਰਡ ਵੱਲੋਂ ਸ਼੍ਰੀ ਜੇ.ਆਰ ਮਹਿਰੋਕ ਕੰਟਰੋਲਰ ਪ੍ਰੀਖਿਆਵਾਂ, ਸ਼੍ਰੀਮਤੀ ਅਮਰਜੀਤ ਕੌਰ ਦਾਲਮ, ਉੱਪ-ਸਕੱਤਰ (ਅਕਾਦਮਿਕ), ਨਿਮਨਹਸਤਾਖਰੀ ਅਤੇ ਐਸ.ਸੀ.ਈ.ਆਰ.ਟੀ. ਵੱਲੋਂ ਸ਼੍ਰੀ ਮਨਿੰਦਰ ਸਿੰਘ ਸਰਕਾਰੀਆ (ਡਾਇਰੈਕਟਰ), ਸ਼੍ਰੀ ਸੁਨੀਲ ਕੁਮਾਰ, ਸਟੇਟ ਕੋਆਰਡੀਨੇਟਰ ਵੱਲੋਂ ਮੁਹਾਲੀ ਕਲੱਬ ਸੈਕਟਰ-65 ਵਿਖੇ ਅਟੈਂਡ ਕੀਤੀ ਗਈ ।

CBSE ਵੱਲੋਂ ਕਾਨਫਰੰਸ ਵਿੱਚ ਲਰਨਿੰਗ ਫਰੇਮਵਰਕ, SAFAL-Assessment Initiatives, SQAA way forward for School Quality Improvement, Holistic Development of Learner, Promoting Skill Education in schools as per NEP-2020, focus on capacity building ਸਬੰਧੀ ਮੁੱਦਿਆਂ ਤੇ ਚਰਚਾ ਕੀਤੀ ਗਈ। ਇਸ ਤੋਂ ਇਲਾਵਾ ਰਾਜਾਂ ਦੇ ਨੁਮਾਇੰਦਿਆਂ ਵੱਲੋਂ ਨੈਸ਼ਨਲ ਐਜੂਕੇਸ਼ਨ ਪਾਲਿਸੀ ਨੂੰ ਲਾਗੂ ਕਰਨ ਸਬੰਧੀ ਕੀਤੇ ਜਾਣ ਵਾਲੇ ਕਾਰਜਾਂ ਬਾਰੇ ਦੱਸਿਆ ਗਿਆ ।

**ਕਾਨਫਰੰਸ ਵਿੱਚ ਚਰਚਾ ਅਧੀਨ ਮੁੱਖ ਨੁਕਤੇ ਹੇਠ ਅਨੁਸਾਰ ਹਨ:-**

1. ਨੈਸ਼ਨਲ ਐਜੂਕੇਸ਼ਨ ਪਾਲਿਸੀ ਅਧੀਨ ਜਿਹੜੇ Mid-Term ਅਤੇ Long-Term ਉਦੇਸ਼ ਦਿੱਤੇ ਗਏ ਹਨ। ਉਨ੍ਹਾਂ ਦੇ ਅਧਾਰ ਤੇ ਰਾਜਾਂ ਵੱਲੋਂ Short-Term ਉਦੇਸ਼ ਉਲੀਕੇ ਜਾਣੇ ਲੋੜੀਂਦੇ ਹਨ ।

ਨੈਸ਼ਨਲ ਐਜੂਕੇਸ਼ਨ ਪਾਲਿਸੀ ਅਨੁਸਾਰ ਵੋਕੇਸ਼ਨਲ ਐਜੂਕੇਸ਼ਨ ਨੂੰ ਤਰਜੀਹ ਦਿੱਤੀ ਜਾਵੇ, ਤਾਂ ਜੋ ਵਿਦਿਆਰਥੀ ਰੋਜਗਾਰ ਦੇ ਯੋਗ ਹੋ ਸਕਣ ।

2. Skill Education ਨਾਲ ਸਬੰਧਿਤ ਜੋ ਪਾਠ-ਪੁਸਤਕਾਂ CBSE ਦੀ ਵੈੱਬਸਾਈਟ ਤੇ ਉਪਲੱਬਧ ਹਨ, ਉਨ੍ਹਾਂ ਪੁਸਤਕਾਂ ਨੂੰ CBSE ਨਾਲ ਰਾਬਤਾ ਕਾਇਮ ਕਰਕੇ ਬਿਨਾਂ ਕਿਸੇ ਕੀਮਤ ਤੇ ਵਰਤਿਆ ਜਾ ਸਕਦਾ ਹੈ।

3. CBSE ਵੱਲੋਂ ਵੱਖ-ਵੱਖ ਵਿਸ਼ਿਆਂ ਤੇ ਤਿਆਰ ਮੈਨੂਅਲ ਨੂੰ ਅਨੁਵਾਦ ਕਰਕੇ ਰਾਜਾਂ ਵਿੱਚ ਵਰਤਿਆ ਜਾ ਸਕਦਾ ਹੈ । ਰਾਜਾਂ ਵੱਲੋਂ ਲਏ ਗਏ ਨਵੇਂ Initiatives ਨੂੰ CBSE ਨਾਲ ਸਾਂਝਾ ਕੀਤਾ ਜਾਵੇ, ਤਾਂ ਜੋ CBSE ਵੱਲੋਂ ਇਨ੍ਹਾਂ ਚੰਗੇ ਮਿਆਰਾ ਨੂੰ ਸਾਰੇ ਦੇਸ ਦੇ CBSE ਸਕੂਲਾਂ ਤੇ ਵੀ ਲਾਗੂ ਕੀਤਾ ਜਾ ਸਕੇ।

4. ਸਰਵਿਸ ਦੌਰਾਨ ਮਾਹਿਰਾਂ ਦੀਆਂ ਲੋੜੀਂਦੀਆਂ ਟ੍ਰੇਨਿੰਗਜ਼ ਕਰਵਾਈਆਂ ਜਾਣੀਆਂ ਜ਼ਰੂਰੀ ਹਨ, ਤਾਂ ਜੋ ਮਾਹਿਰਾਂ ਨੂੰ ਅੱਪਡੇਟ ਰੱਖਿਆ ਜਾਵੇ ਅਤੇ ਉਹ ਆਪਣੀਆਂ ਜਿੰਮੇਵਾਰੀਆਂ ਸਹੀ ਤਰੀਕੇ ਨਾਲ ਨਿਭਾ ਸਕਣ ।

5. Competency focused Education (CFE) ਨਾਲ ਹੀ ਵਿਦਿਆਰਥੀਆਂ ਨੂੰ ਜ਼ਿੰਦਗੀ ਦੇ ਕਾਬਿਲ ਬਣਾਇਆ ਜਾ ਸਕੇਗਾ।ਸਮੂਹ ਸ਼੍ਰੇਣੀਆਂ ਦਾ Curriculum ਅਤੇ ਪਾਠ-ਪੁਸਤਕਾਂ Content loaded ਦੀ ਥਾਂ Competency based ਹੋਣੀਆਂ ਚਾਹੀਦੀਆਂ ਹਨ। ਸਿੱਖਿਆ ਦੇ ਖੇਤਰ ਵਿੱਚ ਵੱਧ ਤੋਂ ਵੱਧ ਟੈਕਨੋਲੋਜੀ ਦੀ ਵਰਤੋ ਕਰਕੇ ਸਿੱਖਿਆ ਦਾ ਪ੍ਰਸਾਰ ਵਧਾਇਆ ਜਾਵੇ । ਸਿੱਖਿਆ ਸੰਸਥਾਵਾਂ ਵੱਲੋਂ Life Skill Education ਅਤੇ Art Integrated Education ਦੇ ਮੱਦੇ ਨਜ਼ਰ ਹੀ ਪਾਠਕ੍ਰਮ, ਪਾਠ-ਪੁਸਤਕਾਂ ਅਤੇ ਪ੍ਰਸ਼ਨ ਪੱਤਰ ਤਿਆਰ ਕੀਤੇ ਜਾਣ। ਅਸੈਸਮੈਂਟ ਅੰਕਾਂ ਤੇ ਆਧਾਰਿਤ ਨਹੀਂ ਸਗੋਂ learning ਤੇ ਆਧਾਰਿਤ ਹੋਣੀ ਚਾਹੀਦੀ ਹੈ ਅਤੇ ਵਿਦਿਆਰਥੀਆਂ ਵਿੱਚ Critical Thinking, ਅਤੇ Problem Solving ਗੁਣ ਵਿਕਸਿਤ ਹੋ ਸਕਣ ਅਤੇ ਵਿਦਿਆਰਥੀਆਂ ਦੀ Holistic Progress ਹੋ ਸਕੇ ।

6. ਹਰਿਆਣਾ ਸਿੱਖਿਆ ਵਿਭਾਗ ਵੱਲੋਂ ਆਪਣੇ ਕੁੱਝ ਸਕੂਲਾਂ ਨੂੰ CBSE ਨਾਲ ਐਫਿਲਿਏਟ ਕੀਤਾ ਗਿਆ ਹੈ, ਤਾਂ ਜੋ ਇਨ੍ਹਾਂ ਸਕੂਲਾਂ ਦੀਆਂ Best Practises ਨੂੰ ਹਰਿਆਣਾ ਬੋਰਡ ਦੇ ਸਕੂਲਾਂ ਵਿੱਚ ਵੀ ਲਾਗੂ ਕੀਤਾ ਜਾ ਸਕੇ।

7. CBSE ਵੱਲੋਂ ਲਏ ਗਏ ਗੁਣਾਂਤਮਕ ਸੁਧਾਰ ਸਬੰਧੀ Initiatives ਨੂੰ ਰਾਜਾਂ ਵੱਲੋਂ ਅਪਣਾਇਆ ਜਾ ਸਕਦਾ ਹੈ, ਇਸ ਕਦਮ ਨਾਲ ਰਾਜਾਂ ਨੂੰ ਮੁੜ ਮਿਹਨਤ ਕਰਨ ਦੀ ਲੋੜ ਨਹੀਂ ਰਹੇਗੀ ਅਤੇ ਰਾਜਾਂ ਦੇ ਵਿੱਤੀ ਅਤੇ ਮਾਨਵੀ ਸੰਸਾਧਨਾਂ ਦੀ ਬਚਤ ਹੋ ਸਕਦੀ ਹੈ।

## ਪੰਜਾਬ ਸਕੂਲ ਸਿੱਖਿਆ ਬੋਰਡ

| ਲੜੀ ਨੰ | ਪੁਸਤਕ ਦਾ ਨਾਮ | ਪਹਿਲੀ ਵਾਰ ਪਰੂਫ ਪੜ੍ਹਨ ਲਈ ਪ੍ਰਾਪਤ ਹੋਇਆ ਅਤੇ ਭੇਜਿਆ | ਦੂਜੀ ਵਾਰ ਪਰੂਫ ਪੜ੍ਹਨ ਲਈ ਪ੍ਰਾਪਤ ਹੋਇਆ ਅਤੇ ਭੇਜਿਆ | ਤੀਜੀ ਵਾਰ ਪਰੂਫ ਪੜ੍ਹਨ ਲਈ ਪਾਪਤ ਹੋਇਆ ਅਤੇ ਭੇਜਿਆ |
|---|---|---|---|---|
| 1. | ਖੇਤੀ ਬਾੜੀ 9ਵੀਂ | 18-10.22 ਪ੍ਰਾਪਤ<br>1.11.22 ਵਾਪਸ ਕੀਤਾ | | |
| 2 | ਖੇਤੀ ਬਾੜੀ 10ਵੀਂ | | | |
| 3 | ਪਲੰਬਰ (ਜਰਨਲ)9ਵੀਂ | 26.10.22 ਪ੍ਰਾਪਤ<br>9.11.22 ਵਾਪਸ ਕੀਤਾ | | |
| 4 | ਪਲੰਬਰ (ਜਰਨਲ)10ਵੀਂ | 7.11.22 ਪ੍ਰਾਪਤ | | |
| 5 | ਰਾਜਗੀਰ(CONSTRUCTION) 9ਵੀਂ | | | |
| 6 | ਸਹਾਇਕ ਰਾਜਗੀਰ 10ਵੀਂ | 2.11.22 ਪ੍ਰਾਪਤ<br>14.11.22 ਵਾਪਸ ਕੀਤਾ | | |
| 7 | ਪਾਵਰ 9ਵੀਂ | 2.11.22 ਪ੍ਰਾਪਤ<br>14.11.22 ਵਾਪਸ ਕੀਤਾ | | |
| 8 | ਪਾਵਰ 11 ਵੀਂ | | | |
| 9 | ਰੀਟੇਲ 9ਵੀਂ | 2.11.22 ਪ੍ਰਾਪਤ<br>14.11.22 ਵਾਪਸ ਕੀਤਾ | | |
| 10 | ਰੀਟੇਲ 11ਵੀਂ | | | |
| 11 | ਆਈ. ਟੀ 9ਵੀਂ | 2.11.22 ਪ੍ਰਾਪਤ<br>14.11.22 ਵਾਪਸ ਕੀਤਾ | | |
| 12 | ਆਈ. ਟੀ 11ਵੀਂ | | | |
| 13 | ਆਟੋਮੋਟਿਵ 9ਵੀਂ | 2.11.22 ਪ੍ਰਾਪਤ | | |
| 14 | ਆਟੋਮੋਟਿਵ 11ਵੀਂ | | | |
| 15 | ਪ੍ਰਾਈਵੇਟ ਸਕਿਊਰਟੀ 9ਵੀਂ | | | |
| 16 | ਪ੍ਰਾਈਵੇਟ ਸਕਿਊਰਟੀ 10ਵੀਂ | | | |
| 17 | ਅਪੈਰਲ 9ਵੀਂ | | | |
| 18 | ਫ਼ੂਡ ਐਂਡ ਵੈਬਰੇਜ਼ ( Tourism) 10ਵੀਂ | | | |
| 19 | ਸਹਾਇਕ ਬਿਊਟੀ ਥੈਰੇਪਿਸਟ 9ਵੀਂ | | | |

| | | | | |
|---|---|---|---|---|
| | | | | |
| 20 | ਸਹਾਇਕ ਬਿਊਟੀ ਥੈਰੇਪਿਸਟ<br>10ਵੀਂ | | | |
| 21 | ਬਿਊਟੀ ਥੈਰੇਪਿਸਟ<br>11ਵੀਂ | | | |
| | | | | |
| | | | | |
| | | | | |
| | | | | |